# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ ,

ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਸ 3ਬੀ-1, ਐਸ.ਏ.ਐਸ ਨਗਰ।

ਈ-ਮੇਲ recruitment@punjabeducation.gov.in Ph No. 0172-3115738


---

ਨੰਬਰ:- 369149 ਭ.ਡ.(8)/2024186330 ਮਿਤੀ, ਐਸ.ਏ.ਐਸ. ਨਗਰ: 30-07-2024,

## ਪਬਲਿਕ ਨੋਟਿਸ

ਸਕੂਲ ਸਿੱਖਿਆ ਵਿਭਾਗ ਅਧੀਨ 5994 ਈ.ਟੀ.ਟੀ. ਕਾਡਰ ਦੀਆਂ ਪੋਸਟਾਂ ਦਾ ਵਿਗਿਆਪਨ ਮਿਤੀ 12-10-2022 ਨੂੰ ਦਿੱਤਾ ਗਿਆ ਸੀ। ਵਿਗਿਆਪਨ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਅਸਾਮੀਆਂ ਦਾ ਲਿਖਤੀ ਟੈਸਟ ਮਿਤੀ 28-07-2024 ਨੂੰ ਲਿਆ ਗਿਆ ਹੈ। ਲਿਖਤੀ ਟੈਸਟ ਨਾਲ ਸਬੰਧਤ ਉੱਤਰ ਕੁੰਜੀ (Answer Key) ਵਿਭਾਗ ਦੀ ਵੈਬਸਾਇਟ www.educationrecruitmentboard.com ਤੇ ਇਸ ਨੋਟਿਸ ਨਾਲ ਅੱਪਲੋਡ ਕਰ ਦਿੱਤੀ ਗਈ ਹੈ। ਜੇਕਰ ਕਿਸੇ ਉਮੀਦਵਾਰ ਨੂੰ ਉੱਤਰ ਕੁੰਜੀ (Answer Key) ਨਾਲ ਸਬੰਧਤ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੀ Login-ID ਤੇ ਇਸ ਸਬੰਧੀ 50/- ਰੁਪਏ ਦੀ ਫੀਸ ਪ੍ਰਤੀ ਇਤਰਾਜ ਆਨ ਲਾਈਨ ਜਮ੍ਹਾਂ ਕਰਵਾਉਦੇ ਹੋਏ , ਇਸ ਦਫਤਰ ਵੱਲੋ ਜਾਰੀ ਨਿਰਧਾਰਤ ਪ੍ਰੋਫਾਰਮੇ ਵਿੱਚ ਇਤਰਾਜ ਆਪਣੀ ਆਈ.ਡੀ. ਤੇ ਹੀ ਆਨ ਲਾਈਨ ਲੋਗਿਨ ਕਰਕੇ ਮਿਤੀ 04-08-2024 ਨੂੰ ਸਮਾਂ ਸ਼ਾਮ 5:00 ਵਜੇ ਤੱਕ Submit ਕਰ ਸਕਦੇ ਹਨ।

ਆਨਲਾਈਨ ਇਤਰਾਜ ਸਬਮਿਟ ਕਰਨ ਤੋਂ ਬਾਅਦ ਇੱਕ Reference ਨੰਬਰ ਜਨਰੇਟ ਹੋਵੇਗਾ। ਸਬੰਧਿਤ ਉਮੀਦਵਾਰ ਜਨਰੇਟ ਹੋਏ Reference ਨੰਬਰ ਨੂੰ ਨੋਟ ਕਰਨਗੇ ਅਤੇ ਵਿਭਾਗ ਦੀ ਈ-ਮੇਲ ਆਈ.ਡੀ. ett5994objections@gmail.com ਤੇ ਆਪਣੇ Reference ਨੰਬਰ/ਨੰਬਰਾਂ ਅਤੇ ਆਪਣੇ ਨਾਮ ਰਜਿਸ਼ਟ੍ਰੇਸ਼ਨ ਨੰ. ਅਤੇ ਰੋਲ ਨੰਬਰ ਦਾ ਵੇਰਵਾ ਦਿੰਦੇ ਹੋਏ ਕੀਤੇ ਗਏ ਇਤਰਾਜ ਸਬੰਧੀ ਦਸਤਾਵੇਜੀ ਸਬੂਤ ਅਟੈਚ ਕਰਕੇ ਈ-ਮੇਲ ਕਰਨਾ ਯਕੀਨੀ ਬਣਾਉਣਗੇ। ਆਨਲਾਈਨ ਇਤਰਾਜ ਸਬਮਿਟ ਕਰਨ ਅਤੇ ਈ-ਮੇਲ ਰਾਹੀਂ ਦਸਤਾਵੇਜੀ ਸਬੂਤ ਭੇਜਣ ਤੋਂ ਬਾਅਦ ਹੀ ਇਤਰਾਜ ਪ੍ਰਕਿਰਿਆ ਸੰਪੂਰਨ ਮੰਨੀ ਜਾਵੇਗੀ। ਮਿਤੀ 04-08-2024 ਸਮਾਂ ਸ਼ਾਮ 5:00 ਵਜੇ ਤੋਂ ਬਾਅਦ ਉਮੀਦਵਾਰਾਂ ਦਾ ਕੋਈ ਵੀ ਇਤਰਾਜ ਵਿਚਾਰਿਆ ਨਹੀਂ ਜਾਵੇਗਾ।

30/07/24

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

Scanned with OKEN Scanner